B.C.M.SCHOOL,BASANT AVENUE, DUGRI, LUDHIANA

ਜਮਾਤ ਸੱਤਵੀਂ। ਵਿਸ਼ਾ ਪੰਜਾਬੀ

ਹੇਠਾਂ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਤੇ ਪ੍ਰਸ਼ਨਾਂ ਦੇ ਉੱਤਰ ਦਿਓ :-

ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਪੂਰਾ ਨਾਂ ਮੋਹਨ ਦਾਸ ਕਰਮ ਚੰਦ ਗਾਂਧੀ ਸੀ । ਜਦੋਂ ਉਨ੍ਹਾਂ ਦਾ ਜਨਮ ਹੋਇਆ, ਭਾਰਤ ਅੰਗਰੇਜ਼ਾਂ ਦਾ ਗੁਲਾਮ ਸੀ । ਗਾਂਧੀ ਜੀ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਦੇਸ਼ ਦੀ ਅਗਵਾਈ ਕੀਤੀ । ਗਾਂਧੀ ਜੀ ਦਾ ਜਨਮ 2 ਅਕਤੂਬਰ, 1869 ਈ: ਨੂੰ ਗੁਜਰਾਤ ਦੇ ਪੋਰਬੰਦਰ ਵਿੱਚ ਹੋਇਆ । ਉਹਨਾਂ ਦੇ ਮਨ ਵਿੱਚ ਕਿਸੇ ਧਰਮ ਬਾਰੇ, ਕਿਸੇ ਜਾਤ ਬਾਰੇ ਕੋਈ ਬੁਰੀ ਭਾਵਨਾ ਨਹੀਂ ਸੀ । ਸਾਰਾ ਦੇਸ਼ ਅੱਜ ਵੀ ਉਹਨਾਂ ਨੂੰ ਬਾਪੂ ਦੇ ਨਾਂ ਨਾਲ ਯਾਦ ਕਰਦਾ ਹੈ ।

ੳ) ਮਹਾਤਮਾ ਗਾਂਧੀ ਦਾ ਜਨਮ ਕਿੱਥੇ ਹੋਇਆ ?

ਉੱ:-ਗੁਜਰਾਤ ਦੇ ਪੋਰਬੰਦਰ ਵਿੱਚ

ਅ) ਮਹਾਤਮਾ ਗਾਂਧੀ ਦਾ ਪੂਰਾ ਨਾਂ ਕੀ ਸੀ ?

ਉੱ:-ਮੋਹਨ ਦਾਸ ਕਰਮ ਚੰਦ ਗਾਂਧੀ

ੲ) ਮਹਾਤਮਾ ਗਾਂਧੀ ਜੀ ਦਾ ਜਨਮ ਕਿਹੜੇ ਸੰਨ ਵਿੱਚ ਹੋਇਆ ?

ਉੱ:- 2 ਅਕਤੂਬਰ 1869 ਈਸਵੀ ਨੂੰ

ਸ) ਮਹਾਤਮਾ ਗਾਂਧੀ ਨੂੰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ ?

ਉੱ:-ਬਾਪੂ ਦੇ ਨਾਮ ਨਾਲ

ਹ) ਮਹਾਤਮਾ ਗਾਂਧੀ ਦੇ ਜਨਮ ਸਮੇਂ ਭਾਰਤ ਕਿਸ ਦਾ ਗੁਲਾਮ ਸੀ ?

ਉੱ:- ਅੰਗਰੇਜ਼ਾਂ ਦਾ

ਪ੍ਰ:-ਸ਼ਰਮਾ ਜੀ ਦੀ ਪਤਨੀ ਕਿਸ ਤਰ੍ਹਾਂ ਦੀ ਸੀ?

ਉੱ:-ਸੁਘੜ ਸੁਸ਼ੀਲ(☑) ਫਰਮਾਇਸ਼ੀ ਖਰਚੀਲੀ

ਪ੍ਰ:- ਸ਼ੁੱਧ ਸ਼ਬਦ ਚੁਣੋ:-

ਉੱ:-ਇਮਾਨਦਾਰ(☑) ਈਮਾਨਦਾਰ ਏਮਾਨਦਾਰ

ਪ੍ਰ:-ਪੜ੍ਹਿਆ-ਲਿਖਿਆ ਦਾ ਉਲਟ ਸ਼ਬਦ ਚੁਣੋ:-

ਉੱ:-ਬੇਕਾਰ ਵੇਹਲੜ ਅਨਪੜ੍ਹ(☑ )

ਪ੍ਰ:-ਸ੍ਰੀ ਰਾਮ ਜੀ ਨੂੰ ਕਿਸ ਨੇ 14 ਸਾਲ ਦਾ ਬਣਵਾਸ ਲਈ ਭਜਵਾਇਆ ਸੀ?

ਉੱ:-ਕੋਸ਼ਲਿਆਂ ਨੇ ਸੁਮਿਤਰਾ ਨੇ ਕੈਕਈ ਨੇ(☑)

ਪ੍ਰ:-ਕਾਰ ਤੇ ਕੋਠੀ ਦੀ ਚਾਬੀ ਪਾ ਕੇ ਸ਼ਰਮਾ ਜੀ ਤਾਂ ਬਾਗੋ ਬਾਗ ਹੋ ਗਏ। ਉਪਰੋਕਤ ਵਾਕ ਵਿੱਚ ਆਏ ਮੁਹਾਵਰੇ 'ਬਾਗੋ ਬਾਗ ਹੋਣਾ' ਦਾ ਕੀ ਅਰਥ ਹੈ?

ਉੱ:- ਖੁਸ਼ ਹੋ ਜਾਣਾ

ਪ੍ਰ:- ਇਮਾਨਦਾਰੀ ਦੇ ਤਿੰਨ ਲਾਭ ਦੱਸੋ?

ਉੱ:-ਜੇ ਅਸੀਂ ਈਮਾਨਦਾਰ ਹੋਵਾਂਗੇ, ਤਾਂ ਲੋਕ ਸਾਡੀ ਗੱਲ ਸੁਣਨ ਲਈ ਤਿਆਰ ਹੋਣਗੇ ਅਤੇ ਸਾਡੀ ਜ਼ਮੀਰ ਸ਼ੁੱਧ ਰਹੇਗੀ। ਇਮਾਨਦਾਰੀ ਦਾ ਫਲ ਮਿੱਠਾ ਹੁੰਦਾ ਹੈ।